





# ਅਮਰੀਕਾ ਦੁਨੀਆਂ ਨੂੰ ਆਰਥਿਕ ਤੌਰ 'ਤੇ ਗੁਲਾਮ ਬਣਾਉਣਾ ਚਾਹੁੰਦੈ -ਕਾ. ਸੇਖੋਂ

- ਬੰਗਾ 'ਚ ਪਾਰਟੀ ਵਰਕਰਾਂ ਦੀ ਸਕੂਲਿੰਗ ਹੋਈ

ਬੰਗਾ, 19 ਅਕਤੂਬਰ (ਸੁਰਿੰਦਰ ਸਿੰਘ ਕਰਮ ਲਧਾਣਾ)-ਸੀ.ਪੀ.ਆਈ.ਐਮ ਦੇ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਬੰਗਾ ਵਿਖੇ ਕਾਮਰੇਡ ਹਰਬੰਸ ਸਿੰਘ ਮੰਢਾਲੀ ਹਾਲ ਵਿਖੇ ਜ਼ਿਲ੍ਹਾ ਪੱਧਰੀ ਸਕੂਲਿੰਗ ਵਿੱਚ ਬੋਲਦਿਆਂ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਅਮਰੀਕਾ ਦੁਨੀਆਂ ਨੂੰ ਆਰਥਿਕ ਤੌਰ 'ਤੇ ਗੁਲਾਮ ਬਣਾਉਣਾ ਚਾਹੁੰਦਾ ਹੈ। ਸਾਥੀ ਸੇਖੋਂ ਨੇ ਕੌਮਾਤਰੀ ਹਾਲਾਤ 'ਤੇ ਆਪਣੇ ਵਿਚਾਰ ਪੇਸ਼ ਕਰਦਿਆਂ ਅੱਗੇ ਕਿਹਾ ਕਿ ਮੋਦੀ ਸਰਕਾਰ ਫਾਸੀਵਾਦੀ ਨੀਤੀਆਂ ਅਪਣਾ ਰਹੀ ਹੈ। ਉਹਨਾਂ ਕਿਹਾ ਕਿ ਭਾਜਪਾ ਭਾਰਤ ਦੇ ਸੰਵਿਧਾਨ ਨੂੰ ਖਤਮ ਕਰਕੇ ਆਰ. ਐਸ. ਐਸ. ਦਾ ਏਜੰਡਾ ਲਾਗੂ ਕਰਨਾ ਚਾਹੁੰਦੀ ਹੈ। ਇਸ ਲਈ ਸਾਨੂੰ ਵਿਚਾਰਧਾਰਕ ਲੜਾਈ ਨੂੰ ਤੇਜ਼ ਕਰਨਾ ਹੋਵੇਗਾ। ਸਾਥੀ ਸੇਖੋਂ ਨੇ ਸੀ.ਪੀ.ਆਈ.ਐਮ ਦੇ ਪਾਰਟੀ ਪ੍ਰੋਗਰਾਮ ਬਾਰੇ ਵੀ ਦੱਸਿਆ।

ਉਹਨਾਂ ਕਿਹਾ ਕਿ ਸੀ. ਪੀ. ਆਈ. ਐੱਮ. ਨੇ ਭਾਰਤ ਦੇ ਠੋਸ ਹਾਲਾਤਾਂ ਮੁਤਾਬਿਕ ਠੀਕ ਫੈਸਲਾ ਲੈ ਕੇ 1964 ਵਿੱਚ ਪ੍ਰੋਗਰਾਮ ਬਣਾਇਆ ਸੀ। ਜੋ ਅੱਜ ਵੀ ਠੀਕ ਸਿੱਧ ਹੋਇਆ ਹੈ। ਉਨਾਂ ਕਿਹਾ ਕਿ ਹਰ ਪਾਰਟੀ ਮੈਂਬਰ ਨੂੰ ਪਾਰਟੀ ਪ੍ਰੋਗਰਾਮ ਪੜ੍ਹਨਾ ਜਰੂਰੀ ਹੈ। ਸੂਬਾ ਕਮੇਟੀ ਮੈਂਬਰ ਸਾਥੀ ਹਰਭਜਨ ਸਿੰਘ ਨੇ ਸਕੂਲ ਦੇ ਸ਼ੁਰੂ ਵਿੱਚ ਪਾਰਟੀ ਵਿਦਿਆ ਦਿੱਤੀ। ਇਸ ਮੌਕੇ 'ਤੇ ਸੂਬਾ ਕਮੇਟੀ ਮੈਂਬਰ ਰਾਮ ਸਿੰਘ ਨੂਰਪੁਰੀ ਅਤੇ ਜ਼ਿਲ੍ਹਾ ਸਕੱਤਰ ਸਾਥੀ ਚਰਨਜੀਤ ਸਿੰਘ ਦੌਲਤਪੁਰ ਹਾਜ਼ਰ ਸਨ।




ਪਿੰਡ ਬਾਹੜੋਵਾਲ ਕੋਆਪ੍ਰੇਟਿਵ ਸੁਸਾਇਟੀ ਦੇ ਮੁਨਾਫਾ ਵੰਡ ਸਮਾਗਮ ਮੌਕੇ ਪ੍ਰਧਾਨ ਮਲਕੀਤ ਸਿੰਘ ਬਾਹੜੋਵਾਲ ਤੇ ਹੋਰ। ਅਜੀਤ ਤਸਵੀਰ

# ਬਾਹੜੋਵਾਲ ਕੋਆਪ੍ਰੇਟਿਵ ਸੁਸਾਇਟੀ ਦਾ ਮੁਨਾਫਾ ਵੰਡ ਸਮਾਗਮ

ਬੰਗਾ, 19 ਅਕਤੂਬਰ (ਧਰਮਵੀਰ ਪਾਲ)-ਬਾਹੜੋਵਾਲ ਬਹੁਮੰਤਵੀ ਐਗਰੀਕਲਚਰ ਸਰਵਿਸ ਸੁਸਾਇਟੀ ਦਾ ਮੁਨਾਫ਼ਾ ਵੰਡ ਸਮਾਗਮ ਕਰਵਾਇਆ ਗਿਆ। ਇਸ ਮੌਕੇ 'ਤੇ ਸੁਸਾਇਟੀ ਦੇ ਸਕੱਤਰ ਰਾਜਵਿੰਦਰ ਸਿੰਘ, ਸਾਬਕਾ ਸਕੱਤਰ ਸਤਨਾਮ ਸਿੰਘ, ਪ੍ਰਧਾਨ ਮਲਕੀਤ ਸਿੰਘ ਬਾਹੜੋਵਾਲ, ਮੀਤ ਪ੍ਰਧਾਨ ਤੇਜਾ ਸਿੰਘ ਮਜਾਰੀ, ਰਾਮ ਲੁਭਾਇਆ, ਕਮੇਟੀ ਮੈਂਬਰ ਹਰਦੇਵ ਸਿੰਘ, ਬਲਿਹਾਰ ਸਿੰਘ ਅਟਵਾਲ, ਬਲਵੀਰ ਕੌਰ, ਊਸ਼ਾ ਰਾਣੀ, ਬਹਾਦਰ ਸਿੰਘ ਮਜਾਰੀ, ਜਸਵੰਤ ਸਿੰਘ ਮਜਾਰੀ, ਗੁਰਜਿੰਦਰ ਸਿੰਘ ਅਤੇ ਕੁਲਦੀਪ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ 'ਤੇ 2022-23 ਅਤੇ 24 ਤਿੰਨ ਸਾਲਾਂ ਦਾ 8,45,371 ਦਾ ਮੁਨਾਫ਼ਾ ਸਭਾ ਦੇ ਮੈਂਬਰਾਂ ਵਿੱਚ ਤਕਸੀਮ ਕੀਤਾ ਗਿਆ। ਇਸ ਮੌਕੇ 'ਤੇ ਵੱਖ-ਵੱਖ ਬੁਲਾਰਿਆਂ ਵਿੱਚੋਂ ਪਰਮਿੰਦਰ ਸਿੰਘ ਕਲੇਰਾਂ, ਸ਼ਿੰਗਾਰਾ ਲੰਗੇਰੀ ਜਨਰਲ ਸਕੱਤਰ ਪੰਜਾਬ ਨੇ ਸਭਾ ਦੀ ਵਧੀਆ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ। ਸਭਾ ਦੇ ਹਰੇਕ ਸਾਲ ਮੁਨਾਫ਼ੇ ਵਿੱਚ ਆਉਣ ਤੇ ਅਤੇ ਸਭਾ ਨੂੰ ਵਧੀਆ ਢੰਗ ਨਾਲ ਚਲਾਉਣ 'ਤੇ ਮਲਕੀਤ ਸਿੰਘ ਬਾਹੜੋਵਾਲ ਪ੍ਰਧਾਨ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ 'ਤੇ ਸਭਾ ਦੇ ਮੈਂਬਰਾਂ ਤੋਂ ਇਲਾਵਾ ਅਮਰਜੀਤ ਸਿੰਘ ਜੀਂਦੋਵਾਲ, ਜਗਜੀਤ ਸਿੰਘ ਬੀਸਲਾ, ਮਨਦੀਪ ਸਿੰਘ ਜੰਡਿਆਲਾ, ਜਤਿੰਦਰ ਸਿੰਘ ਪੂਨੀਆਂ, ਡਾਕਟਰ ਲੱਛਮਣ ਦਾਸ ਖੇਤੀਬਾੜੀ ਅਫਸਰ ਬੰਗਾ, ਸੁਖਵਿੰਦਰ ਸਿੰਘ ਪੱਪੂ, ਇਕਬਾਲ ਸਿੰਘ ਮਜਾਰੀ ਨੰਬਰਦਾਰ, ਕੁਲਵੰਤ ਸਿੰਘ ਪੰਚ ਮਜਾਰੀ, ਦਲਜੀਤ ਸਿੰਘ, ਗੁਰਨਾਮ ਸਿੰਘ, ਬਲਰਾਮ ਸਿੰਘ, ਬਲਵੀਰ ਰਾਮ ਮਜਾਰੀ, ਜੋਰਾਵਰ ਸਿੰਘ ਅਤੇ ਹੋਰ ਪਿੰਡ ਦੇ ਵਾਸੀ ਵੀ ਹਾਜ਼ਰ ਸਨ। ਪ੍ਰਬੰਧਕਾਂ ਵੱਲੋਂ ਆਏ ਹੋਏ ਅਧਿਕਾਰੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।



ਬਠਿੰਡਾ ਵਿਖੇ ਕਲੇਰ ਅਕੈਡਮੀ ਦੇ ਐਥਲੀਟ ਤੇ ਸੰਚਾਲਕ ਰਵਿੰਦਰ ਸਿੰਘ ਕਲੇਰ ਅਤੇ ਸਾਥੀਆਂ ਦਾ ਪ੍ਰਬੰਧਕਾਂ ਵਲੋਂ ਸਨਮਾਨ ਕੀਤੇ ਜਾਣ ਸਮੇਂ। ਅਜੀਤ ਤਸਵੀਰ

# ਬਠਿੰਡਾ ਮਾਸਟਰ ਅਥਲੈਟਿਕਸ ਚੈਂਪੀਅਨਸ਼ਿਪ ਦੌਰਾਨ ਕਲੇਰ ਅਕੈਡਮੀ ਦੇ ਅਥਲੀਟਾਂ ਨੇ ਜਿੱਤੇ 4 ਤਗਮੇ

ਮੁਕੰਦਪੁਰ, 19 ਅਕਤੂਬਰ (ਅਮਰੀਕ ਸਿੰਘ ਢੀਂਡਸਾ)-ਪੰਜਾਬ ਦੇ ਬਠਿੰਡਾ ਸ਼ਹਿਰ ਵਿਖੇ ਕਰਵਾਈ ਗਈ ਮਾਸਟਰ ਅਥਲੈਟਿਕਸ ਚੈਂਪੀਅਨਸ਼ਿਪ ਦੌਰਾਨ ਕਲੇਰ ਅਥਲੈਟਿਕਸ ਅਕੈਡਮੀ ਸਰਹਾਲ ਕਾਜ਼ੀਆਂ ਦੇ ਅਥਲੀਟਾਂ ਨੇ ਚਾਰ ਮੈਡਲ ਪ੍ਰਾਪਤ ਕੀਤੇ। ਕਲੇਰ ਅਕੈਡਮੀ ਦੇ ਸੰਚਾਲਕ ਸੰਸਾਰ ਵੈਟਰਨ ਅਸਲੀਟ ਰਬਿੰਦਰ ਸਿੰਘ ਕਲੇਰ ਨੇ 70 ਸਾਲ ਤੋਂ ਪਲਸ ਉਮਰ ਵਰਗ ਵਿੱਚ ਹਿੱਸਾ ਲੈਂਦਿਆਂ 5 ਹਜਾਰ ਅਤੇ 10 ਹਜਾਰ ਮੀਟਰ ਰੇਸ ਦੌਰਾਨ ਦੋ ਚਾਂਦੀ ਦੇ ਮੈਡਲ ਜਿੱਤੇ, ਮਹਿੰਦਰ ਸਿੰਘ ਧਨੋਆ ਨੇ 75 ਸਾਲ ਤੋਂ ਉੱਪਰ ਵਰਗ ਦੌਰਾਨ ਤਿੰਨ ਕਿਲੋਮੀਟਰ ਵਾਕ ਵਿੱਚ ਚਾਂਦੀ ਦਾ ਤਮਗਾ ਅਤੇ ਤੀਸਰੇ ਅਥਲੀਟ ਮਹਿੰਦਰ ਸਿੰਘ ਧਨੋਆ ਨੇ 60 ਸਾਲ ਤੋਂ ਉੱਪਰ ਉਮਰ ਵਰਗ ਵਿੱਚ ਹਿੱਸਾ ਲੈਂਦਿਆਂ 200 ਮੀਟਰ ਦੌੜ ਵਿੱਚ ਤੀਸਰਾ ਸਥਾਨ ਪ੍ਰਾਪਤ ਕਰਕੇ ਕਾਂਸੀ ਦਾ ਤਮਗਾ ਜਿੱਤਿਆ। ਚੈਂਪੀਅਨਸ਼ਿਪ ਵਿੱਚ ਹਿੱਸਾ ਲੈਣ ਲਈ ਪੰਜਾਬ ਭਰ ਤੋਂ 500 ਤੋਂ ਵੱਧ ਅਥਲੀਟਾਂ ਨੇ ਭਾਗ ਲਿਆ ਇਹ ਮਾਣ ਵਾਲੀ ਗੱਲ ਹੈ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਅਥਲੀਟਾਂ ਨੇ ਚਾਰ ਤਮਗੇ ਜਿੱਤ ਕੇ ਜ਼ਿਲ੍ਹੇ ਅਤੇ ਅਕੈਡਮੀ ਦਾ ਨਾਮ ਰੋਸ਼ਨ ਕੀਤਾ।




ਸਜਾਵਲਪੁਰ ਸਕੂਲ ਨੂੰ ਇਨਵਰਟਰ ਤੇ ਵਰਦੀਆਂ ਭੇਟ ਕਰਨ ਵਾਲੇ ਪ੍ਰਵਾਸੀ ਪਰਿਵਾਰ ਦਾ ਸਨਮਾਨ ਕਰਦੇ ਹੋਏ ਸਕੂਲ ਸਟਾਫ। ਤਸਵੀਰ : ਨਿਰਮਲਜੀਤ ਸਿੰਘ ਚਾਹਲ

# ਐਨ. ਆਰ. ਆਈ. ਵਲੋਂ ਸਰਕਾਰੀ ਸਕੂਲ ਸਜਾਵਲਪੁਰ ਦੇ ਵਿਦਿਆਰਥੀਆਂ ਨੂੰ ਇਨਵਰਟਰ ਤੇ ਵਰਦੀਆਂ ਭੇਟ

ਮਜਾਰੀ/ਸਾਹਿਬਾ, 19 ਅਕਤੂਬਰ (ਨਿਰਮਲਜੀਤ ਸਿੰਘ ਚਾਹਲ)-ਐਨ.ਆਰ.ਆਈ ਰਵਿੰਦਰ ਤਿਵਾੜੀ ਇਟਲੀ ਵਲੋਂ ਆਪਣੇ ਜੱਦੀ ਪਿੰਡ ਸਜਾਵਲਪੁਰ ਨੇੜੇ ਮਜਾਰੀ ਵਿਖੇ ਪਹੁੰਚ ਕੇ ਸਰਕਾਰੀ ਪ੍ਰਾਇਮਰੀ ਸਕੂਲ ਵਾਸਤੇ ਇਨਵਰਟਰ ਅਤੇ ਸਕੂਲ ਦੇ ਵਿਦਿਆਰਥੀਆਂ ਨੂੰ ਸਪੋਰਟਸ ਵਰਦੀਆਂ ਵੰਡੀਆਂ ਗਈਆਂ। ਤਿਵਾੜੀ ਵਲੋਂ ਆਣ ਵਾਲੇ ਸਮੇਂ ਵਿਚ ਸਕੂਲ ਨੂੰ ਹੋਰ ਜਰੂਰਤ ਲਈ ਵੀ ਮੱਦਦ ਦਾ ਭਰੋਸਾ ਦਿਤਾ ਗਿਆ। ਇਸ ਮੌਕੇ ਸਕੂਲ ਸਟਾਫ ਵਲੋਂ ਤਿਵਾੜੀ ਤੇ ਉਨ੍ਹਾਂ ਦੀ ਧਰਮ ਪਤਨੀ ਦਰਸ਼ਨਾ ਦੇਵੀ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸਕੂਲ ਮੁੱਖੀ ਦਵਿੰਦਰਪਾਲ ਹੱਕਲਾ, ਨੀਰਜ ਵਸ਼ਿਸ਼ਟ, ਮੈਡਮ ਬਲਵਿੰਦਰ ਕੌਰ, ਮੈਡਮ ਮੁਨੀਸ਼ਾ, ਮੈਡਮ ਮਨਪ੍ਰੀਤ ਹਾਜ਼ਰ ਸਨ।




ਲੈਮਰਿਨ ਟੈੱਕ ਸਕਿੱਲਜ਼ ਯੂਨੀਵਰਸਿਟੀ ਵਿਖੇ ਕਰਵਾਏ ਰਾਜ ਪੱਧਰੀ ਰੈੱਡ ਰਨ ਮੈਰਾਥਨ ਦੌਰਾਨ ਜੇਤੂਆਂ ਨੂੰ ਸਨਮਾਨਿਤ ਕਰਦੇ ਪ੍ਰਬੰਧਕ। ਤਸਵੀਰ : ਕਲੇਰ

# ਲੈਮਰਿਨ ਟੈੱਕ ਸਕਿੱਲਜ਼ ਯੂਨੀਵਰਸਿਟੀ ਵਿਖੇ ਰਾਜ ਪੱਧਰੀ ਰੈੱਡ ਰਨ ਮੈਰਾਥਨ ਕਰਵਾਈ

ਕਾਠਗੜ੍ਹ, 19 ਅਕਤੂਬਰ (ਹਰਸਿਮਰਨ ਜੋਤ ਸਿੰਘ ਕਲੇਰ)-ਯੁਵਕ ਸੇਵਾਵਾਂ ਡਾਇਰੈਕਟੋਰੇਟ, ਪੰਜਾਬ ਦੁਆਰਾ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ (ਐਲ. ਟੀ. ਐਸ. ਯੂ) ਦੇ ਸਹਿਯੋਗ ਨਾਲ ਤੇ ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ (ਪੀ. ਐਸ. ਏ. ਸੀ. ਐਸ.) ਦੇ ਸਮਰਥਨ ਨਾਲ ਰਾਜ ਪੱਧਰੀ ਰੈੱਡ ਰਨ ਮੈਰਾਥਨ ਕਰਵਾਈ ਗਈ। ਸਮਾਗਮ 'ਚ ਕੁਲਵਿੰਦਰ ਸਿੰਘ ਡਿਪਟੀ ਡਾਇਰੈਕਟਰ ਯੁਵਕ ਸੇਵਾਵਾਂ ਡਾਇਰੈਕਟੋਰੇਟ ਪੰਜਾਬ, ਰੁਪਿੰਦਰ ਕੌਰ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਡਾਇਰੈਕਟੋਰੇਟ ਪੰਜਾਬ, ਗੁਰਪ੍ਰੀਤ ਕੌਰ ਸਹਾਇਕ ਡਾਇਰੈਕਟਰ (ਯੂਥ) ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ ਤੇ ਮਨੀਸ਼ ਕੁਮਾਰ ਸਹਾਇਕ ਡਾਇਰੈਕਟਰ (ਆਈ. ਈ. ਸੀ), ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ ਸ਼ਾਮਿਲ ਸਨ। ਮੈਰਾਥਨ ਨੇ ਕੁੱਲ ਪੰਜ ਕਿਲੋਮੀਟਰ ਦੀ ਦੂਰੀ ਤੈਅ ਕੀਤੀ। ਯੂਨੀਵਰਸਿਟੀ ਕੈਂਪਸ ਦੇ ਅੰਦਰ ਦਾ ਰਸਤਾ ਭਾਗੀਦਾਰਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਅਤੇ ਸਮਾਜਿਕ ਕਾਰਨਾ, ਖਾਸ ਕਰਕੇ ਐਚ. ਆਈ. ਵੀ./ਏਡਜ਼ ਜਾਗਰੂਕਤਾ, ਨਸ਼ਿਆਂ ਦੀ ਦੁਰਵਰਤੋਂ ਦੀ ਰੋਕਥਾਮ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਪ੍ਰੇਰਿਤ ਕਰਨ ਲਈ ਤਿਆਰ ਕੀਤਾ ਗਿਆ ਸੀ। ਪੰਜਾਬ ਦੇ ਸੱਤ ਵੱਖ-ਵੱਖ ਜ਼ਿਲ੍ਹਿਆਂ ਤੋਂ ਕੁਲ ਚੌਦਾਂ ਭਾਗੀਦਾਰਾਂ (ਸੱਤ ਮੁੰਡੇ ਤੇ ਸੱਤ ਕੁੜੀਆਂ) ਨੇ ਮੈਰਾਥਨ 'ਚ ਹਿੱਸਾ ਲਿਆ। ਔਰਤਾਂ ਦੇ ਵਰਗ 'ਚ ਜੀ. ਟੀ. ਬੀ. ਖਾਲਸਾ ਕਾਲਜ ਦੀ ਪੂਜਾ ਨੇ ਪਹਿਲਾ, ਜੀ. ਐਚ. ਜੀ. ਖਾਲਸਾ ਕਾਲਜ ਦੀ ਵੀਰਪਾਲ ਕੌਰ ਨੇ ਦੂਜਾ ਤੇ ਖ਼ਾਲਸਾ ਕਾਲਜ ਫਾਰ ਵੂਮੈਨ ਦੀ ਕੋਮਲਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਏ. ਸੀ. ਪੀ. ਈ. ਮਸਤੂਆਣਾ ਸਾਹਿਬ ਦੀ ਅਰਸ਼ਦੀਪ ਕੌਰ ਨੂੰ ਦਿਲਾਸਾ ਇਨਾਮ ਦਿੱਤਾ ਗਿਆ। ਪੁਰਸ਼ਾਂ ਦੇ ਵਰਗ 'ਚ ਖਾਲਸਾ ਕਾਲਜ ਅੰਮ੍ਰਿਤਸਰ ਦੇ ਗਗਨਦੀਪ ਨੇ ਪਹਿਲਾ, ਅਕਾਲ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ, ਮਸਤੂਆਣਾ ਦੇ ਸਮੀਰ ਨੇ ਦੂਜਾ ਤੇ ਡੀ. ਏ. ਵੀ. ਕਾਲਜ ਹੁਸ਼ਿਆਰਪੁਰ ਦੇ ਮੋਹਿਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਜਦ ਕਿ ਸੁਖਵੀਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਬਰਜਿੰਦਰਾ ਕਾਲਜ ਫਰੀਦਕੋਟ ਨੂੰ ਹੌਂਸਲਾ ਵਧਾਊ ਇਨਾਮ ਮਿਲਿਆ। ਜੇਤੂਆਂ ਨੂੰ ਤਗਮੇ ਤੇ ਨਕਦ ਇਨਾਮਾਂ ਨਾਲ ਸਨਮਾਨਿਤ ਕੀਤਾ। ਪੀ. ਐਸ. ਏ. ਸੀ. ਐਸ. ਦੇ ਸਹਾਇਕ ਨਿਰਦੇਸ਼ਕ (ਯੁਵਾ) ਗੁਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਤੇ ਐੱਚ. ਆਈ. ਵੀ./ਏਡਜ਼ ਦੀ ਰੋਕਥਾਮ ਤੇ ਯੁਵਾ ਸਸ਼ਕਤੀਕਰਨ ਬਾਰੇ ਜਾਗਰੂਕਤਾ ਫੈਲਾਉਣ ਲਈ ਉਤਸ਼ਾਹਿਤ ਕੀਤਾ। ਐਨ. ਐਸ. ਰਿਆਤ ਚਾਂਸਲਰ, ਡਾ. ਏ. ਐਸ. ਚਾਵਲਾ ਵਾਈਸ ਚਾਂਸਲਰ ਤੇ ਪ੍ਰੋਫੈਸਰ ਬੀ. ਐਸ. ਸਤਿਆਲ, ਰਜਿਸਟਰਾਰ, ਐਲ. ਟੀ. ਐਸ. ਯੂ. ਨੇ ਵੀ ਐਨ. ਐਸ. ਐਸ. ਯੂਨਿਟ ਦੇ ਸਮੂਹਿਕ ਯਤਨਾਂ ਦੀ ਸ਼ਲਾਘਾ ਕੀਤੀ। ਸ਼੍ਰੀਮਤੀ ਰਤਨ ਕੌਰ ਕੋਆਰਡੀਨੇਟਰ, ਐੱਨ. ਐੱਸ. ਐੱਸ. ਯੂਨਿਟ ਤੇ ਡਾ. ਸੋਹਣੂ, ਪ੍ਰੋਗਰਾਮ ਕੋਆਰਡੀਨੇਟਰ, ਐੱਨ. ਐੱਸ. ਐੱਸ. ਯੂਨਿਟ ਐਲ. ਟੀ. ਐੱਸ. ਯੂ. ਪੰਜਾਬ ਦੀ ਅਗਵਾਈ ਹੇਠ ਸੁਚਾਰੂ ਢੰਗ ਨਾਲ ਪ੍ਰਬੰਧਿਤ ਕੀਤਾ।

# ਤਿਉਹਾਰ ਭਾਈਚਾਰਕ ਸਾਂਝ ਵਧਾਉਂਦੇ-ਨੰਬਰਦਾਰ ਤਲਵੰਡੀ ਜੱਟਾਂ

ਬਹਿਰਾਮ, 19 ਅਕਤੂਬਰ (ਨਛੱਤਰ ਸਿੰਘ ਬਹਿਰਾਮ)-ਸਾਨੂੰ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣੀ ਚਾਹੀਦੀ ਹੈ ਅਤੇ ਘੱਟੋ-ਘੱਟ ਉਕਤ ਦਿਹਾੜੇ 'ਤੇ ਇਕ-ਇਕ ਬੂਟਾ ਜ਼ਰੂਰ ਲਗਾਉਣਾ ਚਾਹੀਦਾ ਹੈ। ਇਹ ਸ਼ਬਦ ਨੰਬਰਦਾਰ



ਮਨਦੀਪ ਸਿੰਘ ਤਲਵੰਡੀ ਜੱਟਾਂ ਨੇ ਗੱਲਬਾਤ ਕਰਦਿਆਂ ਆਖੇ। ਉਨ੍ਹਾਂ ਕਿਹਾ ਕਿ ਉਕਤ ਦਿਹਾੜੇ 'ਤੇ ਪਟਾਕੇ ਨਹੀਂ ਚਲਾਉਣੇ ਚਾਹੀਦੇ, ਇਸ ਨਾਲ ਜਿਥੇ ਗੰਧਲਾ ਪ੍ਰਦੂਸ਼ਣ ਬਣਦਾ ਹੈ ਉਥੇ ਪ੍ਰਦੂਸ਼ਣ ਵੀ ਵਧਦਾ ਹੈ।

# ਗੜ੍ਹਸ਼ੰਕਰ ਨੂੰ ਪ੍ਰਸਤਾਵਿਤ ਜ਼ਿਲ੍ਹੇ ਸ੍ਰੀ ਅਨੰਦਪੁਰ ਸਾਹਿਬ ਨਾਲ ਜੋੜਨ ਦਾ ਫ਼ੈਸਲਾ ਹੋਵੇਗਾ ਲੋਕ ਵਿਰੋਧੀ-ਰਾਠਾਂ

ਗੜ੍ਹਸ਼ੰਕਰ, 19 ਅਕਤੂਬਰ (ਧਾਲੀਵਾਲ)-ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੀਨੀਅਰ ਮੀਤ ਪ੍ਰਧਾਨ ਤੇ ਸਾਬਕਾ ਵਿਧਾਇਕ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਨੇ ਪੰਜਾਬ ਸਰਕਾਰ ਵਲੋਂ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਮੌਕੇ ਸ੍ਰੀ ਅਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਬਣਾਉਣ ਦੇ ਪ੍ਰਸਤਾਵ ਤਹਿਤ ਗੜ੍ਹਸ਼ੰਕਰ ਸਬ-ਡਵੀਜ਼ਨ ਦੇ ਪਿੰਡਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਨਾਲ ਜੋੜੇ ਜਾਣ ਦੇ ਫ਼ੈਸਲੇ ਨੂੰ ਲੋਕ ਵਿਰੋਧੀ ਕਰਾਰ ਦਿੱਤਾ ਹੈ। ਸਾਬਕਾ ਵਿਧਾਇਕ ਭੁੱਲੇਵਾਲ ਰਾਠਾਂ ਨੇ ਕਿਹਾ ਕਿ ਗੜ੍ਹਸ਼ੰਕਰ ਦੇ ਬਹੁਤੇ ਪਿੰਡਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਹੁਸ਼ਿਆਰਪੁਰ ਨਾਲੋਂ ਕਿਤੇ ਦੂਰ ਪਵੇਗਾ। ਸ੍ਰੀ ਅਨੰਦਪੁਰ ਸਾਹਿਬ ਦੇ ਮੁਕਾਬਲੇ ਹੁਸ਼ਿਆਰਪੁਰ ਨੂੰ ਜਾਣ ਲਈ ਸੜਕੀ ਸੰਪਰਕ ਤੇ ਬੱਸ ਸੇਵਾਵਾਂ ਹਜ਼ਾਰ ਗੁਣਾਂ ਵਧੀਆਂ ਹਨ। ਉਨ੍ਹਾਂ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਬਣਾਏ ਜਾਣ ਦਾ ਅਸੀਂ ਭਰਵਾਂ ਸਵਾਗਤ ਕਰਦੇ ਹਾਂ ਤੇ ਸਰਕਾਰ ਤੋਂ ਮੰਗ ਵੀ ਕਰਦੇ ਹਾਂ ਕਿ ਹਰ ਹਾਲ 'ਚ ਸ੍ਰੀ ਅਨੰਦਪੁਰ ਨੂੰ ਜ਼ਿਲ੍ਹਾ ਬਣਾਇਆ ਜਾਵੇ ਪਰ ਚਾਹੀਦਾ ਇਹ ਹੈ ਕਿ ਗੜ੍ਹਸ਼ੰਕਰ ਦੇ ਲੋਕਾਂ ਨੂੰ ਸੁਵਿਧਾ ਦੇਣ ਦੀ ਬਜਾਏ ਉਨ੍ਹਾਂ ਨੂੰ ਮੁਸ਼ਕਿਲ 'ਚ ਨਾ ਪਾਇਆ ਜਾਵੇ। ਉਨ੍ਹਾਂ ਕਿਹਾ ਕਿ ਕਿਲ੍ਹਾ ਆਨੰਦਗੜ੍ਹ ਵਾਲੇ ਸੰਤਾਂ-ਮਹਾਂਪੁਰਸ਼ਾਂ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਤਾਂ ਸੜਕ ਦਾ ਜੰਗੀ ਪੱਧਰ 'ਤੇ ਨਿਰਮਾਣ ਕਰਵਾਇਆ ਜਾ ਰਿਹਾ ਹੈ, ਪਰ ਸਰਕਾਰ ਨੇ ਇਸ ਕਾਰਜ ਤੋਂ ਸਬਕ ਨਹੀਂ ਸਿੱਖਿਆ। ਰਾਠਾਂ ਨੇ ਕਿਹਾ ਕਿ ਖਾਨਾਪੂਰਤੀ ਵਜੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਜ਼ਿਲ੍ਹੇ ਦਾ ਦਰਜਾਂ ਦੇਣ ਦੀ ਬਜਾਏ ਸਰਕਾਰ ਨੂੰ ਲੋਕਾਂ ਨੇ ਜੁੜੇ ਅਸਲ ਮੁੱਦਿਆਂ ਵੱਲ ਧਿਆਨ ਦੇਣਾ ਚਾਹੀਦਾ ਹੈ।

# ਨਿਰਮਲ ਸਾਗਰ ਸਕੂਲ 'ਚ ਕਰਵਾਈ ਮਹਿੰਦੀ ਪ੍ਰਤੀਯੋਗਤਾ

ਉੜਾਪੜ/ਲਸਾੜਾ, 19 ਅਕਤੂਬਰ (ਲਖਵੀਰ ਸਿੰਘ ਖੁਰਦ)-ਨਿਰਮਲ ਸਾਗਰ ਪਬਲਿਕ ਸਕੂਲ ਲਸਾੜਾ ਵਿਚ ਆਰਟ ਅਧਿਆਪਕਾ ਬੰਦਨਾ ਅਤੇ ਮੈਡਮ ਆਸ਼ਾ ਦੀ ਅਗਵਾਈ ਵਿਚ ਮਹਿੰਦੀ ਪ੍ਰਤੀਯੋਗਤਾ ਕਰਵਾਈ ਗਈ, ਜਿਸ ਵਿਚ ਸਕੂਲ ਦੀਆਂ ਲਗਭਗ ਤੀਹ ਤੋਂ ਚਾਲੀ ਵਿਦਿਆਰਥਣਾਂ ਨੇ ਭਾਗ ਲਿਆ।

ਵਿਦਿਆਰਥਣਾਂ ਨੇ ਆਪਣੀਆਂ ਸਹੇਲੀਆਂ ਦੇ ਹੱਥਾਂ ਉਤੇ ਮਹਿੰਦੀ ਦੇ ਆਕਰਸ਼ਿਕ ਡਿਜਾਇਨ ਬਣਾਕੇ ਸਭ ਦਾ ਮਨ ਮੋਹ ਲਿਆ। ਸਭ ਤੋਂ ਵਧੀਆ ਮਹਿੰਦੀ ਬਣਾਉਣ ਵਾਲੀਆਂ ਵਿਦਿਆਰਥਣਾਂ ਮਨਵੀਰ ਕੌਰ ਬਾਰਵੀਂ ਨੂੰ ਪਹਿਲੇ, ਨੌਵੀਂ ਕਲਾਸ ਦੀ ਇੰਦਰਜੀਤ ਕੌਰ ਨੇ ਦੂਜੇ ਅਤੇ ਬਾਰਵ੍ਹੀਂ ਦੀ ਪਲਕਦੀਪ ਅਤੇ ਗਿਆਰਵੀਂ ਦੀ ਨਵਦੀਪ ਕੌਰ ਨੇ ਤੀਜੇ ਦਰਜੇ ਦੇ ਸਰਟੀਫਿਕੇਟ ਪ੍ਰਦਾਨ ਕਰਕੇ ਉਤਸ਼ਾਹਿਤ ਕੀਤਾ ਗਿਆ। ਪ੍ਰਿੰਸੀਪਲ ਮੀਨਾਕਸ਼ੀ ਚੱਢਾ ਨੇ ਜੇਤੂ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਨੂੰ ਆਪਣੇ ਜੀਵਨ ਦੇ ਹਰ ਪੱਖ ਲਈ ਤਿਆਰ ਕਰਕੇ ਸਵੈ-ਵਿਸ਼ਵਾਸ਼ ਦੀ ਭਾਵਨਾ ਪੈਦਾ ਕਰਦੇ ਹਨ। ਸਾਡੇ ਸਮਾਜ ਵਿਚ ਮਹਿੰਦੀ ਵਿਆਹ-ਸ਼ਾਦੀ ਅਤੇ ਹਰ ਖ਼ੁਸ਼ੀ ਦੇ ਕਾਰਜ ਵਿਚ ਸ਼ਗਨ ਦੇ ਤੌਰ 'ਤੇ ਲਗਾਈ ਜਾਂਦੀ ਹੈ। ਕਰਵਾ ਚੌਥ ਦੇ ਤਿਉਹਾਰ ਉਤੇ ਤਾਂ ਸੁਹਾਗਣਾਂ ਵਿਸ਼ੇਸ਼ ਤੌਰ 'ਤੇ ਆਪਣੇ ਹੱਥਾ 'ਤੇ ਮਹਿੰਦੀ ਲਾਉਂਦੀਆਂ ਹਨ। ਇਸ ਮੌਕੇ ਵਾਈਸ ਪ੍ਰਿੰਸੀਪਲ ਪ੍ਰੇਮਜੀਤ ਕੌਰ, ਮੈਡਮ ਰਾਫੀਆ, ਸਿਮਰਨ ਅਤੇ ਹੋਰ ਮਹਿਲਾ ਅਧਿਆਪਕ ਵੀ ਹਾਜ਼ਰ ਸਨ।



ਨਿਰਮਲ ਸਾਗਰ ਸਕੂਲ ਲਸਾੜਾ ਵਿਖੇ ਮਹਿੰਦੀ ਪ੍ਰਤੀਯੋਗਤਾ 'ਤੇ ਵਿਦਿਆਰਥਣਾਂ ਇਕ-ਦੂਜੇ ਦੇ ਮਹਿੰਦੀ ਲਗਾਉਂਦੀਆਂ ਹੋਈਆਂ। ਅਜੀਤ ਤਸਵੀਰ



ਕਾਹਮਾ ਸਕੂਲ ਵਿਖੇ ਕਰਵਾਈਆਂ ਗਈਆਂ ਖੇਡਾਂ ਦਾ ਉਦਘਾਟਨ ਗ੍ਰਾਮ ਪੰਚਾਇਤ ਪਿੰਡ ਕਾਹਮਾ ਦੇ ਕਾਰਜਕਾਰੀ ਸਰਪੰਚ ਹਰਮਿੰਦਰ ਸਿੰਘ ਬਿੰਦਾ ਸਮੇਤ ਮੈਂਬਰ ਕਰਦੇ ਹੋਏ ਤੇ ਹਾਜ਼ਰ ਸਟਾਫ਼। ਅਜੀਤ ਤਸਵੀਰ

# ਸੈਂਟਰ ਮੱਲਪੁਰ ਅੜਕਾਂ ਦੀਆਂ ਖੇਡਾਂ ਕਾਹਮਾ ਵਿਖੇ ਕਰਵਾਈਆਂ ਗਈਆਂ

ਮੱਲਪੁਰ ਅੜਕਾਂ, 19 ਅਕਤੂਬਰ (ਮਨਜੀਤ ਸਿੰਘ ਜੱਬੋਵਾਲ)-ਸੈਂਟਰ ਮੱਲਪੁਰ ਅੜਕਾਂ ਦੀਆਂ ਸੈਂਟਰ ਪੱਧਰੀ ਖੇਡਾਂ ਕਾਹਮਾ ਸਕੂਲ ਵਿਖੇ ਕਰਵਾਈਆਂ ਗਈਆਂ। ਖੇਡਾਂ ਦਾ ਉਦਘਾਟਨ ਗ੍ਰਾਮ ਪੰਚਾਇਤ ਪਿੰਡ ਕਾਹਮਾ ਵਲੋਂ ਕੀਤਾ, ਜਿਸ ਵਿਚ ਪ੍ਰਾਇਮਰੀ ਸਕੂਲ ਦੇ ਬੱਚਿਆਂ ਨੇ ਖੇਡਾਂ ਵਿਚ ਭਾਗ ਲਿਆ। ਇਸ ਮੌਕੇ ਕਾਰਜਕਾਰੀ ਸਰਪੰਚ ਹਰਮਿੰਦਰ ਸਿੰਘ ਬਿੰਦਾ, ਪ੍ਰਵੀਨ ਕੁਮਾਰ ਪੰਚ, ਜਸਵਿੰਦਰ ਕੌਰ ਪੰਚ, ਸੁਖਵਿੰਦਰ ਕੌਰ ਪੰਚ, ਜਸਵਿੰਦਰ ਕੌਰ ਪੰਚ, ਸੰਤੋਖ ਦਾਸ ਪੰਚ, ਸਵਰਨ ਸਿੰਘ ਨੰਬਰਦਾਰ ਹਾਜ਼ਰ ਸਨ। ਜਸਵਿੰਦਰ ਕੌਰ ਸੀ. ਐਚ. ਟੀ., ਪਿੰਕੀ ਦੇਵੀ ਹੈੱਡ ਟੀਚਰ ਕਾਹਮਾ, ਹਰਪ੍ਰੀਤ ਕੌਰ, ਸੁਰਿੰਦਰ ਕੌਰ, ਰਿਤੂ ਭੱਟੀ, ਪ੍ਰਵੀਨ ਕੁਮਾਰ, ਪਰਮਿੰਦਰ ਕੁਮਾਰ, ਅਮਰੀਕ ਕੌਰ ਤੇ ਸੀਮਾ ਪ੍ਰਿੰਸੀਪਲ ਕਾਹਮਾ ਹਾਜ਼ਰ ਸਨ। ਕਬੱਡੀ, ਖੋ-ਖੋ, ਦੌੜਾ, ਗੋਲਾ ਸੁੱਟਣਾ, ਫੁੱਟਬਾਲ, ਲੰਬੀ-ਛਾਲ, ਕੁਸ਼ਤੀਆਂ ਆਦਿ ਦੇ ਮੁਕਾਬਲੇ ਕਰਵਾਏ ਗਏ ਤੇ ਜੇਤੂਆਂ ਨੂੰ ਇਨਾਮ ਵੰਡੇ ਗਏ।




ਪਿੰਡ ਜਲਾਲਪੁਰ ਵਿਖੇ ਕਰਵਾਏ ਸਮਾਗਮ ਦੌਰਾਨ ਢਾਡੀ ਜਥਾ ਵਾਰਾਂ ਗਾਇਨ ਕਰਦਾ ਹੋਇਆ। ਅਜੀਤ ਤਸਵੀਰ

# ਸੰਤ ਬਾਬਾ ਗੁਰਦਿੱਤਾ ਦਾਸ ਦੇ ਅਸਥਾਨ 'ਤੇ ਸਾਲਾਨਾ ਜੋੜ ਮੇਲਾ ਕਰਵਾਇਆ

ਕਾਠਗੜ੍ਹ, 19 ਅਕਤੂਬਰ (ਹਰਸਿਮਰਨ ਜੋਤ ਸਿੰਘ ਕਲੇਰ)-ਸੰਤ ਬਾਬਾ ਗੁਰਦਿੱਤਾ ਦਾਸ ਜੀ ਦੇ ਅਸਥਾਨ 'ਤੇ ਪਿੰਡ ਜਲਾਲਪੁਰ ਵਿਖੇ ਸਾਲਾਨਾ ਜੋੜ ਮੇਲਾ ਕਰਵਾਇਆ ਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ। ਇਸ ਮੌਕੇ ਇੰਟਰਨੈਸ਼ਨਲ ਢਾਡੀ ਜਸਦੀਪ ਸਿੰਘ ਨਾਗਰਾ ਮਹਿੰਦਪੁਰ ਵਾਲੀਆਂ, ਮੁੱਖ ਸੰਚਾਲਕ ਅਵਤਾਰ ਸਿੰਘ ਅਤੇ ਕੀਰਤਨੀ ਜਥਾ ਜਸਪਾਲ ਸਿੰਘ ਬਘੌਰਾ ਵਾਲਿਆਂ ਵਲੋਂ ਕੀਰਤਨ ਕੀਤਾ। ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਮੌਕੇ ਲਖਵਿੰਦਰ, ਕਮਲ, ਹਰੀ ਸਿੰਘ ਰੱਕੜਾਂ ਬੇਟ, ਬਾਲੂ ਸਿੰਘ ਪਨਿਆਲੀ, ਪਾਲ ਸਿੰਘ ਜੀਓਵਾਲ ਬੱਛੂਆਂ, ਮਨਦੀਪ ਸਿੰਘ ਭੱਲਾ ਬੇਟ, ਬਲਵਿੰਦਰ ਸਿੰਘ ਨੰਬਰਦਾਰ ਮਾਜਰਾ ਜੱਟਾਂ, ਡਾ. ਪਵਨ ਕਮਲ, ਸੰਤ ਕਿਸ਼ਨ ਪਨਿਆਲੀ, ਰਾਮ ਚੰਦਰ, ਕਮਲਜੀਤ, ਧਰੁਵ, ਅਰਮਾਨ, ਧਰਮਪਾਲ, ਮਨੀ ਸਿੰਘ, ਸਨਦੀਪ ਸਿੰਘ, ਹਰਜਿੰਦਰ ਸਿੰਘ, ਮਦਨ ਸਿੰਘ ਮੁਸਾਫਿਰ, ਬਲਕਾਰ ਸਿੰਘ, ਯੁਵਰਾਜ ਸਿੰਘ, ਯੂਵੀ, ਤਰਸੇਮ ਸਿੰਘ ਰਾਏ ਰੱਕੜਾਂ ਬੇਟ, ਜਸਪ੍ਰੀਤ ਸਿੰਘ ਰਾਏ ਸਮੇਤ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ।

# ਫਸਲੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧਨ ਵਿਸ਼ੇ ਸੰਬੰਧੀ ਮੁਕਾਬਲੇ ਕਰਵਾਏ




ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਲਾਹੀ ਵਿਖੇ ਕਰਵਾਏ ਮੁਕਾਬਲਿਆਂ ਦੇ ਜੇਤੂਆਂ ਨੂੰ ਸਨਮਾਨਿਤ ਕਰਨ ਉਪਰੰਤ ਨਾਲ ਪ੍ਰਬੰਧਕ।

ਹੁਸਿਆਰਪੁਰ, 19 ਅਕਤੂਬਰ (ਬਲਜਿੰਦਰਪਾਲ ਸਿੰਘ)-ਮੁੱਖ ਖੇਤੀਬਾੜੀ ਅਫ਼ਸਰ ਦਪਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀ. ਆਰ. ਐੱਮ. ਸਕੀਮ ਸਾਲ 2025-26 ਦੀਆਂ ਆਈ. ਈ. ਸੀ. ਐਕਟੀਵਿਟੀਆਂ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਲਾਹੀ ਵਿਖੇ ਫਸਲੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧਨ ਦੇ ਵਿਸ਼ੇ ਸੰਬੰਧੀ ਵਿਦਿਆਰਥੀਆਂ ਦਾ ਪੋਸਟਰ ਮੇਕਿੰਗ ਤੇ ਲੇਖ (ਪੰਜਾਬੀ ਅਤੇ ਹਿੰਦੀ) ਮੁਕਾਬਲੇ ਕਰਵਾਏ ਗਏ। ਪੋਸਟਰ ਮੇਕਿੰਗ ਮੁਕਾਬਲੇ 'ਚ ਸ਼ਿਵਾਨੀ, ਗੈਵੀ ਮਹਿਮੀ ਤੇ ਅੰਜਲੀ ਦੇਵੀ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ। ਲੇਖ ਮੁਕਾਬਲਾ (ਪੰਜਾਬੀ) ਵਿਚ ਲਵਲੀਨ ਜਸਲ, ਮਨਪ੍ਰੀਤ ਕੌਰ ਤੇ ਅਵਲੀਨ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ। ਲੇਖ ਮੁਕਾਬਲਾ (ਹਿੰਦੀ) ਵਿਚ ਏਕਤਾ ਭੱਟੀ, ਹਰਮਨ, ਅਤੇ ਸ਼ਰਨਪ੍ਰੀਤ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ। ਇਸ ਮੌਕੇ ਧਰਮਵੀਰ ਸ਼ਾਰਦ ਖੇਤੀਬਾੜੀ ਵਿਕਾਸ ਅਫ਼ਸਰ ਹੁਸ਼ਿਆਰਪੁਰ 2 ਨੇ ਪਰਾਲੀ ਜਲਾਉਣ ਨਾਲ ਹੋਣ ਵਾਲੇ ਪ੍ਰਦੂਸ਼ਣ ਤੇ ਮਿੱਟੀ ਦੀ ਗੁਣਵੱਤਾ ਵਿਚ ਆ ਰਹੀ ਗਿਰਾਵਟ ਬਾਰੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਪਰਮਿੰਦਰ ਸਿੰਘ ਖੇਤੀਬਾੜੀ ਵਿਸਥਾਰ ਅਫ਼ਸਰ, ਮਹਿਲਾਂਵਾਲੀ ਨੇ ਵਿਦਿਆਰਥੀਆਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਉਹ ਆਪਣੇ ਮਾਤਾ ਪਿਤਾ ਨੂੰ ਫਸਲੀ ਰਹਿੰਦ-ਖੂਹੰਦ ਨੂੰ ਅੱਗ ਲਗਾਉਣ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਸੁਚੇਤ ਕਰਨ। ਸਕੂਲ ਦੇ ਪ੍ਰਿੰਸੀਪਲ ਮਰਿਦੁਲਾ ਸ਼ਰਮਾ ਨੇ ਖੇਤੀਬਾੜੀ ਵਿਭਾਗ ਦਾ ਟੀਮ ਦੇ ਉਪਰਾਲੇ ਲਈ ਧੰਨਵਾਦ ਕੀਤਾ। ਇਸ ਦੌਰਾਨ ਸਕੂਲ ਦੇ ਅਧਿਆਪਕ ਨਰਿੰਦਰ ਕੁਮਾਰ, ਅਰਚਨਾ ਕਾਲੀਆ, ਅਮਰਜੀਤ ਸਿੰਘ, ਗੁਰਕਿਰਨ ਸਿੰਘ, ਮਮਤਾ, ਹਰਪ੍ਰੀਤ ਕੌਰ ਆਦਿ ਸਮੇਤ ਹੋਰ ਸਟਾਫ ਤੇ ਖੇਤੀਬਾੜੀ ਵਿਭਾਗ ਤੋਂ ਰਮੇਸ਼ ਕੁਮਾਰ (ਖੇਤੀਬਾੜੀ ਉਪ ਨਿਰੀਖਕ ਤੇ ਅਮਰਦੀਪ ਪਾਲ (ਬੇਲਦਾਰ) ਆਦਿ ਵੀ ਹਾਜ਼ਰ ਸਨ।

# ਸੀਨੀਅਰ ਸੈਕੰਡਰੀ ਸਕੂਲ ਤਲਵਾੜਾ ਦੇ 1979 ਬੈਚ ਦੀ ਪਹਿਲੀ ਸ਼ਾਨਦਾਰ ਐਲੂਮਨੀ ਮਿਲਣੀ

ਤਲਵਾੜਾ, 19 ਅਕਤੂਬਰ (ਐੱਚ. ਐੱਚ. ਮਿੱਠੂ)-ਤਲਵਾੜਾ ਟਾਊਨਸ਼ਿਪ ਸੈਕਟਰ-1 ਦੇ ਸੀਨੀਅਰ ਸੈਕੰਡਰੀ ਸਕੂਲ ਦੇ 1979 ਬੈਚ ਦੇ ਐਲੂਮਨੀ ਵਿਦਿਆਰਥੀਆਂ ਨੇ ਇਕ ਵਾਰ ਫਿਰ ਆਪਣੇ ਪਿਛਲੇ ਸਾਲਾਂ ਨੂੰ ਯਾਦ ਕੀਤਾ ਤੇ ਇਕ ਯਾਦਗਾਰ ਐਲੂਮਨੀ ਮਿਲਣੀ ਕਰਵਾਈ ਗਈ। ਇਹ ਮੁਲਾਕਾਤ ਸਿਰਫ਼ ਇਕ ਪ੍ਰੋਗਰਾਮ ਨਹੀਂ ਸੀ, ਸਗੋਂ ਉਨ੍ਹਾਂ ਸੁਨਹਿਰੀ ਯਾਦਾਂ ਨੂੰ ਤਾਜ਼ਾ ਕਰਨ ਦਾ ਇਕ ਭਾਵਨਾਤਮਕ ਮੌਕਾ ਸੀ। ਇਸ ਵਿਸ਼ੇਸ਼ ਸਮਾਗਮ ਦੀ ਅਗਵਾਈ ਸੰਜੇ ਕੁਮਾਰ ਬਧਵਾਰ ਸੇਵਾਮੁਕਤ ਐਸ. ਡੀ. ਓ. ਤੇ ਸੇਵਾਮੁਕਤ ਪ੍ਰਿੰਸੀਪਲ ਮਹੇਸ਼ ਪਾਲ ਨੇ ਕੀਤੀ। ਡਾ. ਅਨਿਲ ਭਾਰਦਵਾਜ ਪਠਾਨਕੋਟ, ਮਨਮੋਹਨ ਸਿੰਘ ਅਨੰਦਪੁਰ ਸਾਹਿਬ, ਮਨੋਹਰ ਲਾਲ, ਵਿਨੋਦ ਕੁਮਾਰ, ਸ਼ਿਵਦੀਪ ਸਿੰਘ ਸਲਾਰੀਆ, ਜਤਿੰਦਰ ਸਪਰਾ, ਡਾ. ਸਤੀਸ਼ ਸੇਠੀ, ਵਿਕਰਮ ਸਿੰਘ, ਵਿਨੋਦ ਕੋਸ਼ਲ, ਮਨਮੋਹਨ ਸਿੰਘ, ਤੇਜਿੰਦਰ ਫੂਲ, ਤਸਜਿੰਦਰ ਸਿੰਘ, ਦਰਸ਼ਨ ਸਿੰਘ, ਵਿਨੋਦ ਸ਼ਰਮਾ, ਹਰਵਿੰਦਰ ਸੈਨੀ ਦੁਬਈ ਤੇ ਦੂਰ-ਦੁਰਾਡੇ ਤੋਂ ਹੋਰ ਬਹੁਤ ਸਾਰੇ ਸਾਬਕਾ ਵਿਦਿਆਰਥੀਆਂ ਨੇ ਇਸ ਸਮਾਗਮ 'ਚ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਕੇਕ ਕੱਟਣ ਦੀ ਰਸਮ ਨਾਲ ਹੋਈ। ਖ਼ੁਸ਼ੀ ਤੇ ਹਾਸੇ ਨਾਲ ਭਰੇ ਮਾਹੌਲ 'ਚ ਸਾਰੇ ਸਹਿਪਾਠੀਆਂ ਨੇ ਆਪਣੇ ਸਕੂਲ ਦੇ ਦਿਨਾਂ ਦੀਆਂ ਪਿਆਰੀਆਂ ਯਾਦਾਂ ਸਾਂਝੀਆਂ ਕੀਤੀਆਂ। ਬਹੁਤ ਸਾਰੇ ਪੁਰਾਣੇ ਦੋਸਤ ਇੰਨੇ ਸਾਲਾਂ ਬਾਅਦ ਇਕ ਦੂਜੇ ਨੂੰ ਦੇਖ ਕੇ ਭਾਵੁਕ ਹੋ ਗਏ। ਇਸ ਤੋਂ ਬਾਅਦ ਯਾਦਗਾਰੀ ਇਨਾਮ ਵੰਡ ਸਮਾਰੋਹ ਹੋਇਆ। ਸਾਰੇ ਸਾਬਕਾ ਵਿਦਿਆਰਥੀਆਂ ਨੂੰ ਸਕੂਲ ਜੀਵਨ ਦੀਆਂ ਯਾਦਾਂ ਨੂੰ ਸੰਭਾਲਣ ਲਈ ਵਿਸ਼ੇਸ਼ ਤੋਹਫ਼ੇ ਦਿੱਤੇ ਗਏ। ਸਾਬਕਾ ਅਧਿਆਪਕਾਂ ਦੇ ਯੋਗਦਾਨ ਨੂੰ ਵੀ ਪਿਆਰ ਅਤੇ ਸਤਿਕਾਰ ਨਾਲ ਯਾਦ ਕੀਤਾ ਗਿਆ। ਸੰਜੇ ਕੁਮਾਰ ਬਧਵਾਰ ਨੇ ਕਿਹਾ ਕਿ ਇਹ ਸਕੂਲ ਸਿਰਫ਼ ਪੜ੍ਹਾਈ ਦਾ ਸਥਾਨ ਨਹੀਂ ਸੀ, ਸਗੋਂ ਸਾਡੇ ਲਈ ਦੂਜਾ ਘਰ ਸੀ, ਜੋ ਸਾਨੂੰ ਜੀਵਨ ਦੀਆਂ ਅਸਲ ਕਦਰਾਂ-ਕੀਮਤਾਂ ਸਿਖਾਉਂਦਾ ਸੀ। ਅੱਜ ਉਸ ਪਰਿਵਾਰ ਦੇ ਮੈਂਬਰਾਂ ਨੂੰ ਦੁਬਾਰਾ ਮਿਲਣ ਨਾਲ ਮੇਰਾ ਦਿਲ ਖ਼ੁਸ਼ੀ ਨਾਲ ਭਰ ਜਾਂਦਾ ਹੈ। ਡਾ. ਅਨਿਲ ਭਾਰਦਵਾਜ ਨੇ ਆਪਣੇ ਸੰਬੋਧਨ ਵਿਚ ਕਿਹਾ 'ਅਜਿਹੇ ਸਮਾਗਮ ਸਾਨੂੰ ਆਪਣੀਆਂ ਜੜ੍ਹਾਂ ਨਾਲ ਜੋੜਦੇ ਹਨ ਤੇ ਪੁਰਾਣੀਆਂ ਦੋਸਤੀਆਂ ਨੂੰ ਮੁੜ ਜਗਾਉਂਦੇ ਹਨ। ਡਾ. ਸਤੀਸ਼ ਸੇਠੀ ਅਤੇ ਮਹੇਸ਼ ਪਾਲ, ਸਾਬਕਾ ਪ੍ਰਿੰਸੀਪਲ ਮਹੇਸ਼ ਪਾਲ ਅਤੇ ਮੌਜੂਦ ਸਾਰੇ ਸਾਬਕਾ ਵਿਦਿਆਰਥੀ ਇਸ ਗੱਲ 'ਤੇ ਸਹਿਮਤ ਹੋਏ ਕਿ ਅਜਿਹੇ ਸਾਬਕਾ ਵਿਦਿਆਰਥੀਆਂ ਦੇ ਸੰਮੇਲਨ ਹਰ ਸਾਲ ਹੋਣੇ ਚਾਹੀਦੇ ਹਨ ਤਾਂ ਜੋ ਹੋਰ ਪੁਰਾਣੇ ਦੋਸਤ ਹਿੱਸਾ ਲੈ ਸਕਣ। ਸਮਾਗਮ ਦੇ ਅਖੀਰ 'ਚ ਤਲਵਾੜਾ ਓਲਡ ਸਟੂਡੈਂਟ ਐਸੋਸੀਏਸ਼ਨ ਦੀ ਪ੍ਰਬੰਧਕੀ ਕਮੇਟੀ ਅਤੇ ਪ੍ਰਬੰਧਕਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ, ਜਿਨ੍ਹਾਂ ਦੇ ਸਹਿਯੋਗ ਨਾਲ ਇਸ ਸਮਾਗਮ ਨੂੰ ਸਫਲ ਬਣਾਇਆ ਗਿਆ।



ਸਾਬਕਾ ਵਿਦਿਆਰਥੀਆਂ ਨੂੰ ਸਨਮਾਨਿਤ ਕੀਤੇ ਜਾਣ ਦਾ ਦ੍ਰਿਸ਼। ਤਸਵੀਰ : ਐਚ. ਐਸ. ਮਿੱਠੂ

# ਆਦੇਸ਼ ਇੰਟਰਨੈਸ਼ਨਲ ਸਕੂਲ ਮਿਆਣੀ 'ਚ ਦੀਵਾਲੀ ਦਾ ਤਿਉਹਾਰ ਮਨਾਇਆ

ਮਿਆਣੀ, 19 ਅਕਤੂਬਰ (ਹਰਜਿੰਦਰ ਸਿੰਘ ਮੁਲਤਾਨੀ)-ਰੌਸ਼ਨੀਆਂ ਦਾ ਤਿਉਹਾਰ ਦੀਵਾਲੀ ਜਿਥੇ ਧਾਰਮਿਕ ਮਹੱਤਤਾ ਰੱਖਦਾ ਹੈ ਉਥੇ ਨੈਤਿਕ ਪੱਖੋਂ ਵੀ ਮਨੁੱਖਤਾ ਨੂੰ ਸਹੀ ਸੇਧ ਪ੍ਰਦਾਨ ਕਰਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਦੇਸ਼ ਇੰਟਰਨੈਸ਼ਨਲ ਸਕੂਲ ਲਖਿੰਦਰ ਮਿਆਣੀ 'ਚ ਸਕੂਲ ਦੇ ਚੇਅਰਮੈਨ ਡਾ. ਲਖਮੀਰ ਸਿੰਘ ਚੌਧਰੀ ਨੇ ਸਕੂਲ 'ਚ ਅਧਿਆਪਕਾ ਤੇ ਬੱਚਿਆਂ ਨਾਲ ਦੀਵਾਲੀ ਦਾ ਤਿਉਹਾਰ ਮਨਾਉਣ ਸਮੇਂ ਕੀਤਾ। ਇਸ ਸੰਬੰਧੀ ਸਕੂਲ ਦੇ ਪ੍ਰਿੰ. ਵਿਨੋਦ ਕੁਮਾਰ ਨੇ ਦੱਸਿਆ ਕਿ ਸਵੇਰ ਦੀ ਸਭਾ 'ਚ ਬੱਚਿਆਂ ਵਲੋਂ ਦੀਵਾਲੀ ਦੀ ਪਵਿੱਤਰਤਾ ਨੂੰ ਦਰਸਾਉਂਦੇ ਹੋਏ ਭਾਸ਼ਣ ਦੇ ਨਾਲ-ਨਾਲ ਕਵਿਤਾ ਅਤੇ ਗੀਤ ਵੀ ਪੇਸ਼ ਕੀਤੇ ਗਏ। ਬਾਅਦ 'ਚ ਸਕੂਲ ਦੇ ਵਿਦਿਆਰਥੀਆਂ ਪਹਿਲੀ ਤੋਂ ਪੰਜਵੀਂ ਤੱਕ ਚਾਰਟ ਮੇਕਿੰਗ, ਛੇਵੀਂ ਤੋਂ ਅੱਠਵੀਂ ਤੱਕ ਦੀਵਾ ਸਜਾਉਣ ਮੁਕਾਬਲੇ, ਨੌਵੀਂ ਤੋਂ ਬਾਰ੍ਹਵੀਂ ਤੱਕ ਰੰਗੋਲੀ ਮੁਕਾਬਲੇ ਕਰਵਾਏ ਗਏ, ਜਿਸ 'ਚ ਚਾਰਟ ਮੇਕਿੰਗ ਮੁਕਾਬਲੇ 'ਚ ਹਰਗੁਨ ਕੌਰ ਨੇ ਪਹਿਲਾ, ਹਰਨੀਤ ਕੌਰ ਨੇ ਦੂਜਾ, ਸ਼ਿਵ ਕੁਮਾਰ ਤੇ ਮਨਵੀਰ ਸਿੰਘ ਨੇ ਤੀਜਾ ਸਥਾਨ ਹਾਸਿਲ ਕੀਤਾ। ਦੀਵਾ ਸਜਾਉਣ ਮੁਕਾਬਲੇ 'ਚ ਦਿਲਜੋਤ ਅਤੇ ਹਰਗੁਣ ਨੇ ਪਹਿਲਾ, ਨਿਮਰਤ ਤੇ ਐਵਲੀਨ ਨੇ ਦੂਜਾ ਸਥਾਨ, ਜੈਸਮੀਨ ਤੇ ਸਮਾਈਲ ਨੇ ਤੀਜਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਰੰਗੋਲੀ ਮੁਕਾਬਲੇ ਵਿਚ ਗਿਆਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਪਹਿਲਾ, ਦਸਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਦੂਜਾ ਤੇ ਬਾਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਤੀਜਾ ਸਥਾਨ ਹਾਸਿਲ ਕੀਤਾ। ਇਸ ਮੌਕੇ ਵਾਈਸ ਪ੍ਰਿੰ. ਲਵਨੀਤ ਕੌਰ ਤੋਂ ਇਲਾਵਾ ਸਮੂਹ ਸਟਾਫ਼ ਪ੍ਰਦੀਪ ਕੌਰ, ਗੁਰਕੀਰਤ ਕੌਰ, ਸ਼ੈਲਪ੍ਰੀਤ ਕੌਰ, ਗੁਰਪ੍ਰੀਤ ਕੌਰ, ਮਨਪ੍ਰੀਤ ਕੌਰ, ਪ੍ਰਜੀਤ ਕੌਰ, ਸਿਮਰਨਜੀਤ ਕੌਰ, ਰੁਪਿੰਦਰ ਕੌਰ, ਜਸਪਿੰਦਰ ਕੌਰ, ਜੋਤੀ ਸ਼ਰੂਤੀ, ਵਨਸ਼ਿਤਾ, ਆਸ਼ਨਾ, ਨਿਸ਼ਾ, ਅਯੂਸ਼ੀ, ਸਿਮਰਨਪ੍ਰੀਤ ਕੌਰ, ਮਧੂ ਬਾਲਾ, ਅੰਕਿਤਾ, ਸੰਦੀਪ ਕੌਰ, ਪ੍ਰਭਪ੍ਰੀਤ ਕੌਰ, ਗੀਤੂ ਬੇਦੀ, ਕਰਨ ਕੁਮਾਰ, ਗੀਤੂ, ਸ਼ਿਵਾਨੀ, ਮਮਤਾ, ਜਸਵਿੰਦਰ ਕੁਮਾਰ, ਸੰਗੀਤਾ, ਰੇਨੂੰ, ਕੁਲਦੀਪ ਕੌਰ, ਨਵਜੋਤ ਕੌਰ, ਮਮਤਾ, ਸੀਮਾ ਰਾਣੀ, ਗੁਰਕਮਲ ਕੌਰ ਆਦਿ ਹਾਜ਼ਰ ਸਨ।



ਆਦੇਸ਼ ਇੰਟਰਨੈਸ਼ਨਲ ਸਕੂਲ ਮਿਆਣੀ ਵਿਖੇ ਦੀਵਾਲੀ ਦੇ ਤਿਉਹਾਰ ਮਨਾਉਣ ਮੌਕੇ ਸਕੂਲ ਦੇ ਬੱਚੇ ਰੰਗੋਲੀ ਬਣਾਉਂਦੇ ਹੋਏ। ਤਸਵੀਰ : ਮੁਲਤਾਨੀ

# ਦਸਮੇਸ਼ ਗਰਲਜ਼ ਕਾਲਜ ਮੁਕੇਰੀਆਂ ਵਿਖੇ ਦੀਵਾਲੀ ਦਾ ਤਿਉਹਾਰ ਮਨਾਇਆ

ਮੁਕੇਰੀਆਂ, 18 ਅਕਤੂਬਰ (ਰਾਮਗੜ੍ਹੀਆ)-ਦਸਮੇਸ਼ ਗਰਲਜ਼ ਕਾਲਜ ਚੱਕ ਅੱਲ੍ਹਾ ਬਖ਼ਸ਼ ਮੁਕੇਰੀਆਂ 'ਚ ਫੈਸ਼ਨ ਡਿਜ਼ਾਈਨਿੰਗ ਵਿਭਾਗ, ਫਾਈਨ ਆਰਟਸ ਵਿਭਾਗ, ਐਸ. ਏ. ਪੀ. (ਐਨਰਜੀ ਸੈੱਲ) ਅਤੇ ਇਕ ਭਾਰਤ, ਸਰਵਸ਼੍ਰੇਸ਼ਟ ਭਾਰਤ ਕਮੇਟੀ ਦੇ ਸਾਂਝੇ ਉਪਰਾਲੇ ਨਾਲ ਦੀਵਾਲੀ ਦਾ ਮੇਲਾ ਉਤਸ਼ਾਹ ਨਾਲ ਮਨਾਇਆ। ਕਾਲਜ ਦੇ ਵਿਹੜੇ ਨੂੰ ਵਿਦਿਆਰਥਣਾਂ ਨੇ ਦੀਵਿਆਂ, ਰੰਗੋਲੀਆਂ ਤੇ ਹੱਥ ਨਾਲ ਬਣੀਆਂ ਸਜਾਵਟੀ ਚੀਜ਼ਾਂ ਨਾਲ ਸੁੰਦਰ ਢੰਗ ਨਾਲ ਸਜਾਇਆ। ਹਰ ਪਾਸੇ ਰੰਗਾਂ, ਰੌਸ਼ਨੀ ਤੇ ਖ਼ੁਸ਼ੀਆਂ ਦਾ ਮਾਹੌਲ ਛਾਇਆ ਰਿਹਾ। ਪ੍ਰੋਗਰਾਮ ਦਾ ਮੁੱਖ ਉਦੇਸ਼ ਦੀਵਾਲੀ ਦਾ ਅਸਲ ਸੰਦੇਸ਼-ਅੰਧਕਾਰ 'ਤੇ ਪ੍ਰਕਾਸ਼ ਦੀ, ਬੁਰਾਈ 'ਤੇ ਚੰਗਿਆਈ ਦੀ ਅਤੇ ਅਗਿਆਨਤਾ ਤੇ ਗਿਆਨ ਦੀ ਜਿੱਤ ਨੂੰ ਉਭਾਰਨਾ ਸੀ। ਇਸ ਮੌਕੇ ਐਸ. ਏ. ਪੀ. (ਐਨਰਜੀ ਸੈੱਲ) ਵਲੋਂ ਪ੍ਰਦੂਸ਼ਣ ਮੁਕਤ ਦੀਵਾਲੀ ਮਨਾਉਣ ਦਾ ਸੰਦੇਸ਼ ਦਿੱਤਾ ਗਿਆ। ਵਿਦਿਆਰਥਣਾਂ ਨੇ ਲੋਕਾਂ ਨੂੰ ਪਟਾਕਿਆਂ ਤੋਂ ਦੂਰ ਰਹਿਣ, ਮਿੱਟੀ ਦੇ ਦੀਵੇ ਜਗਾਉਣ ਤੇ ਊਰਜਾ ਦੀ ਬਚਤ ਕਰਨ ਲਈ ਪ੍ਰੇਰਿਤ ਕੀਤਾ। ਸੈੱਲ ਵਲੋਂ ਰਵਾਇਤੀ ਪਹਿਰਾਵਿਆਂ, ਹੱਥ ਨਾਲ ਬਣੇ ਗਹਿਣਿਆਂ, ਵਾਤਾਵਰਨ-ਅਨੁਕੂਲ ਸਜਾਵਟੀ ਸਾਮਾਨ ਤੇ ਸੁਆਦਲੇ ਭੋਜਨਾਂ ਦੇ ਆਕਰਸ਼ਕ ਸਟਾਲ ਵੀ ਲਗਾਏ ਗਏ, ਜਿਨ੍ਹਾਂ ਨੇ ਮੇਲੇ ਦੀ ਸੋਭਾ ਵਧਾਈ। ਕਾਲਜ ਦੀ ਪ੍ਰਿੰਸੀਪਲ ਡਾ. ਕਰਮਜੀਤ ਕੌਰ ਬਰਾੜ ਨੇ ਵਿਦਿਆਰਥਣਾਂ ਤੇ ਅਧਿਆਪਕਾਂ ਦੇ ਯਤਨਾਂ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਮੇਲੇ ਸਾਨੂੰ ਨਾ ਸਿਰਫ ਸੱਭਿਆਚਾਰਕ ਮੁੱਲਾਂ ਨਾਲ ਜੋੜਦੇ ਹਨ, ਸਗੋਂ ਸਾਨੂੰ ਵਾਤਾਵਰਨ ਸੁਰੱਖਿਆ ਅਤੇ ਸਮਾਜਿਕ ਜ਼ਿੰਮੇਵਾਰੀ ਦਾ ਸੰਦੇਸ਼ ਵੀ ਦਿੰਦੇ ਹਨ। ਇਸ ਮੌਕੇ ਸ੍ਰੀ ਗੁਰੂ ਗੋਬਿੰਦ ਸਿੰਘ ਐਜੂਕੇਸ਼ਨਲ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਰਵਿੰਦਰ ਸਿੰਘ ਚੱਕ ਮੈਂਬਰ ਐਸ. ਜੀ. ਪੀ. ਸੀ. ਤੇ ਸਮੂਹ ਟਰੱਸਟ ਮੈਂਬਰ ਸਾਹਿਬਾਨਾਂ ਨੇ ਮੇਲੇ ਦੇ ਪ੍ਰਬੰਧਕੀ ਸਟਾਫ ਮੈਂਬਰਾਂ ਨੂੰ ਮੇਲੇ ਦੇ ਸਫਲ ਤੇ ਦੀਵਾਲੀ ਦੇ ਪਵਿੱਤਰ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ।



ਦੀਵਾਲੀ ਦੇ ਤਿਉਹਾਰ 'ਤੇ ਲਗਾਏ ਮੇਲੇ ਦੌਰਾਨ ਪ੍ਰਿੰ. ਕਰਮਜੀਤ ਕੌਰ ਬਰਾੜ ਤੇ ਵਿਦਿਆਰਥੀ। ਤਸਵੀਰ : ਰਾਮਗੜ੍ਹੀਆ